# ਸੰਵਾਦ

ISSN : 2395-1273

www.sanvad.org

## ਵਿਸ਼ੇਸ਼ ਅੰਕ

ਉੱਤਰ-ਮਾਨਵਵਾਦ
ਆਰਟੀਫ਼ੀਸ਼ੀਅਲ ਇੰਟੈਲੀਜੈਂਸ ਤੇ
ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ

ਜਨਵਰੀ-ਜੂਨ 2024
19 ਵਾਂ ਅੰਕ




ESTD. 1892

ਪੰਜਾਬੀ ਅਧਿਐਨ ਵਿਭਾਗ

ਖ਼ਾਲਸਾ ਕਾਲਜ ਅੰਮ੍ਰਿਤਸਰ

# Sanvad

## (Dialogic)

## PUNJABI REFEREED RESEARCH JOURNAL

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org



**Patron & Chief Editor:**

***Dr. Mehal Singh***

**+91-85288-28200**

**Editor:**

***Dr. Atam Singh Randhawa***

**+9198722-17273**



**ISSN : 2395-1273**

**January-June 2024**



**ਸਲਾਹਕਾਰ ਬੋਰਡ**

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**

**ਪ੍ਰਿੰਸੀਪਲ**

**ਖ਼ਾਲਸਾ ਕਾਲਜ, ਅੰਮ੍ਰਿਤਸਰ**

khalsacollegeamritsar@yahoo.com

www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1500 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

// ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 10ਵਾਂ, ਅੰਕ - 19ਵਾਂ || ਜਨਵਰੀ-ਜੂਨ 2024**

# ਤਤਕਰਾ

- **ਸੰਪਾਦਕੀ** 5-8
- **ਉਤਰ-ਮਾਨਵਵਾਦੀ ਆਪੇ ਦੀ ਤਲਾਸ਼** 9-26
  ਅਮਰਜੀਤ ਸਿੰਘ ਗਰੇਵਾਲ
- **ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੇ ਸਮਾਜਕ ਸੰਤੁਲਨ ਨੂੰ ਵਿਗਾੜਨ ਵਾਲੇ ਖ਼ਤਰੇ** 27-35
  ਡਾ. ਕੁਲਬੀਰ ਸਿੰਘ ਥਿੰਦ
- **ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੇ ਦੌਰ ਵਿਚ ਭਾਸ਼ਾ ਤਕਨਾਲੋਜੀ** 36-57
  ਡਾ. ਗੁਰਪ੍ਰੀਤ ਸਿੰਘ ਲਹਿਲ. ਡਾ. ਹਰਵਿੰਦਰ ਪਾਲ ਕੌਰ
- **ਮਸਨੂਈ ਲਿਆਕਤ (AI) ਤੇ ਮਨੁੱਖਤਾ ਦਾ ਭਵਿੱਖ** 58-65
  ਡਾ. ਪਰਮਜੀਤ ਸਿੰਘ ਢੀਂਗਰਾ
- **ਵੱਖ-ਵੱਖ ਖੇਤਰਾਂ ਵਿਚ AI ਦੀ ਵਰਤੋਂ : ਮਨੋ-ਸਮਾਜਕ ਪੜ੍ਹਤ** 66-74
  ਡਾ. ਸੀ. ਪੀ. ਕੰਬੋਜ
- **ਆਰਟੀਫ਼ੀਸ਼ੀਅਲ ਇੰਟੈਲੀਜੈਂਸ ਅਤੇ ਭਾਰਤੀ ਭਾਸ਼ਾਵਾਂ** 75-85
  ਡਾ. ਨਛੱਤਰ ਸਿੰਘ, ਕਿਰਨਦੀਪ ਕੌਰ
- **ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦਾ ਸਮਾਜ 'ਤੇ ਪ੍ਰਭਾਵ** 86-89
  ਡਾ. ਮਨੀ ਅਰੋੜਾ
- **ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੇ ਦੌਰ ਵਿਚ ਭਾਸ਼ਾ ਅਤੇ ਪੰਜਾਬੀ ਭਾਸ਼ਾ** 90-98
  ਡਾ. ਅਨੂੰਰੀਤ ਕੌਰ
- **ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੇ ਦੌਰ ਵਿਚ ਡੀਪਫੇਕ, ਫ਼ਿਲਮਕਾਰੀ ਅਤੇ ਸੰਵੇਦਨਸ਼ੀਲਤਾ ਦਾ ਸਵਾਲ** 99-107
  ਜਗਦੀਪ ਸਿੰਘ, ਡਾ. ਦੀਪਿਕਾ
- **ਸਾਇੰਸ ਫਿਕਸ਼ਨ** 108-115
  ਡਾ. ਸਰਬਜੀਤ ਸਿੰਘ ਮਾਨ

❑ **ਉਤਰ-ਮਾਨਵਵਾਦੀ ਚਿੰਤਨ ਪ੍ਰਣਾਲੀ ਅਤੇ ਜੈਂਡਰ ਸਿਧਾਂਤਕਾਰੀ : ਅੰਤਰ-ਸੰਵਾਦ** 116-124
ਡਾ. ਜਸਪ੍ਰੀਤ ਕੌਰ

❑ **ਉਤਰ-ਮਾਨਵਵਾਦ : ਸਾਈਬੋਰਗ ਮੈਨੀਫੈਸਟੋ ਸੰਦਰਭ** 125-131
ਡਾ. ਤੇਜਿੰਦਰ ਸਿੰਘ

❑ **ਆਰਟੀਫ਼ੀਸ਼ੀਅਲ ਇੰਟੈਲੀਜੈਂਸ ਅਤੇ ਆਨਲਾਈਨ ਗਿਆਨ ਸਰੋਤ** 132-138
ਡਾ. ਸਟਾਲਿਨਜੀਤ ਸਿੰਘ, ਰਮਨਪ੍ਰੀਤ ਕੌਰ

❑ **ਸੋ ਦਰੁ : ਵਿਖੰਡਤ ਮਾਨਵ ਦਾ ਵਿਵਸਥਿਤ ਹੋਂਦ ਵਿਚ ਰੂਪਾਂਤਰਨ ਅਤੇ ਉਤਰ-ਮਾਨਵਵਾਦੀ ਪ੍ਰਵਚਨ** 139-146
ਸੁਖਮਨਪ੍ਰੀਤ ਕੌਰ, ਡਾ. ਰਮਨਪ੍ਰੀਤ ਕੌਰ

❑ **ਏਆਈ ਦੇ ਦੌਰ ਵਿਚ ਸਭਿਆਚਾਰ ਅਤੇ ਪੰਜਾਬੀ ਸਭਿਆਚਾਰ : ਸੰਭਾਵਨਾਵਾਂ ਤੇ ਚੁਣੌਤੀਆਂ** 147-150
ਡਾ. ਬਲਜੀਤ ਕੌਰ ਸਿੱਧੂ

❑ **ਸਾਈਬੋਰਗ : ਸੰਕਲਪ ਤੇ ਪ੍ਰਯੋਜਨ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਤੇ ਟੈਕਨੋ ਕਲਚਰ ਦੇ ਸੰਦਰਭ 'ਚ** 151-155
ਡਾ. ਹਰਸਿਮਰਨ ਕੌਰ

❑ **ਆਰਟੀਫ਼ੀਸ਼ੀਅਲ ਇੰਟੈਲੀਜੈਂਸ ਅਤੇ ਇਸ ਦਾ ਪੰਜਾਬੀ ਬੋਲੀ ਤੇ ਭਾਸ਼ਾ ਉੱਤੇ ਪ੍ਰਭਾਵ** 156-161
ਜਗਸੀਰ ਸਿੰਘ ਜਟਾਣਾ

**ਪੁਸਤਕ ਰੀਵਿਊ : ਰਿਵਿਊਕਾਰ - ਪ੍ਰਿੰ. (ਡਾ.) ਮਹਿਲ ਸਿੰਘ** 162-172

- **ਚਾਲ਼ੀ ਦਿਨ**
- **ਇਕ ਸੱਚੇ ਕਾਮਰੇਡ ਦਾ ਇਕਲਾਪਾ**
- **ਮੈਂ ਮਿੱਟੀ ਨਹੀਂ**
- **ਸਰਦਾਰ ਸੂਰਤ ਸਿੰਘ ਮਜੀਠੀਆ ਅਤੇ ਦੂਸਰਾ ਐਂਗਲੋ-ਸਿੱਖ ਯੁੱਧ**
- **ਬਾਬਾ ਦੀਪ ਸਿੰਘ ਸ਼ਹੀਦ : ਮਹਾਂਨਾਇਕ ਦੀ ਜੀਵਨ ਗਾਥਾ**
- **ਬੁਰਜ਼ ਖ਼ਲੀਫ਼ਾ**




## ਸੰਪਾਦਕੀ

# ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੇ ਦੌਰ ਵਿਚ ਪੰਜਾਬੀ ਹੋਂਦ ਦਾ ਮਸਲਾ



**ਡਾ. ਮਹਿਲ ਸਿੰਘ**
ਪ੍ਰਿੰਸੀਪਲ
ਖ਼ਾਲਸਾ ਕਾਲਜ, ਅੰਮ੍ਰਿਤਸਰ



**ਡਾ. ਆਤਮ ਸਿੰਘ ਰੰਧਾਵਾ**
ਮੁਖੀ
ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ, ਅੰਮ੍ਰਿਤਸਰ

**ਅ**ਸੀਂ ਮਸ਼ੀਨੀ ਬੁੱਧੀਮਾਨਤਾ (AI) ਦੇ ਦੌਰ ਵਿਚ ਪ੍ਰਵੇਸ਼ ਕਰ ਚੁੱਕੇ ਹਾਂ। ਸੰਸਾਰ ਤੇਜ਼ੀ ਨਾਲ ਰੂਪਾਂਤਰਿਤ ਹੋਣ ਵਾਲਾ ਹੈ। ਇਹ ਦੌਰ ਖੇਤਰੀ ਭਾਸ਼ਾਵਾਂ, ਵਿਕਾਸਸ਼ੀਲ ਖਿੱਤਿਆਂ ਦੇ ਸਭਿਆਚਾਰਾਂ ਤੇ ਸਧਾਰਨ ਮਨੁੱਖ ਨੂੰ ਅਨੇਕਾਂ ਖ਼ਤਰਿਆਂ, ਸ਼ੰਕਿਆਂ ਤੇ ਫ਼ਿਕਰਾਂ ਵਿਚ ਪਾਉਣ ਵਾਲਾ ਹੈ। ਕਈ ਭਾਸ਼ਾਵਾਂ ਵਾਂਗ ਪੰਜਾਬੀ ਭਾਸ਼ਾ ਦਾ ਖੇਤਰੀ ਭਾਸ਼ਾ ਹੋਣ ਕਰਕੇ ਇਸ ਨੂੰ ਅਤੇ ਇਸ ਉਪਰ ਉਸਰੇ ਪੰਜਾਬੀ ਸਭਿਆਚਾਰ ਦਾ ਸ਼ੰਕਿਆਂ-ਫ਼ਿਕਰਾਂ ਵਾਲਾ ਅਜਿਹਾ ਅਧਿਆਇ ਆਰੰਭ ਹੋ ਗਿਆ ਹੈ।

ਚਿੰਤਕਾਂ ਅਤੇ ਸਾਹਿਤਕਾਰਾਂ ਨੂੰ ਅੱਜ ਵੱਡਾ ਫਿਕਰ ਲੱਗਾ ਹੋਇਆ ਹੈ ਕਿ ਜਿਹੜੀ ਭਾਸ਼ਾ ਮਸ਼ੀਨੀ ਬੁੱਧੀਮਾਨਤਾ (AI) ਦੇ ਪਲੇਟਫਾਰਮ ਉਪਰ ਨਹੀਂ ਹੋਵੇਗੀ, ਆਉਣ ਵਾਲੇ ਸਮੇਂ ਵਿਚ ਉਸ ਲਈ ਬਚਣਾ ਮੁਸ਼ਕਿਲ ਹੋ ਜਾਵੇਗਾ। ਇਹ ਚਿੰਤਾ ਜਾਂ ਫ਼ਿਕਰ ਅਚਾਨਕ ਉਦੋਂ ਪੰਜਾਬੀਆਂ ਦੀ ਜਾਨ ਖਾਣ ਲੱਗਾ ਹੈ ਜਦੋਂ ਇਸੇ ਫ਼ਰਵਰੀ 2024 ਵਿਚ ਗੂਗਲ ਨੇ ਅਪਣੇ ਨਵੇਂ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਪਲੇਟਫ਼ਾਰਮ ਜੈਮਿਨੀ-ਪ੍ਰੋ (Gemini-Pro) ਵਿਚੋਂ ਪੰਜਾਬੀ ਨੂੰ ਬਾਹਰ ਰੱਖਿਆ। ਇਹ ਪੰਜਾਬੀਆਂ ਲਈ ਸੱਚਮੁੱਚ ਚਿੰਤਾ ਦਾ ਵਿਸ਼ਾ ਹੈ। ਇਹ ਚਿੰਤਾ ਹੋਰ ਵਧ ਜਾਂਦੀ ਹੈ ਜਦੋਂ ਗੂਗਲ ਜੈਮਿਨੀ ਪੰਜਾਬੀ ਨੂੰ ਛੱਡ ਕੇ ਭਾਰਤ ਦੀਆਂ ਹੋਰ 9 ਭਾਸ਼ਾਵਾਂ ਨੂੰ ਸ਼ਾਮਿਲ ਕਰਦਾ ਹੈ। ਇਨ੍ਹਾਂ ਵਿਚ ਹਿੰਦੀ ਤੇ ਬੰਗਾਲੀ ਤੋਂ ਬਿਨ੍ਹਾਂ ਉਹ ਖੇਤਰੀ ਭਾਸ਼ਾਵਾਂ ਵੀ ਸ਼ਾਮਲ ਹਨ ਜਿਨ੍ਹਾਂ ਦੇ ਬੁਲਾਰਿਆਂ ਦੀ ਗਿਣਤੀ ਪੰਜਾਬੀ ਤੋਂ ਕਿਤੇ ਘੱਟ ਹੈ। ਕੰਨੜ, ਮਲਿਆਲਮ ਤੇ ਗੁਜਰਾਤੀ ਦੇ 5-6 ਕਰੋੜ ਅਤੇ ਤੇਲਗੂ, ਤਾਮਿਲ ਤੇ ਮਰਾਠੀ ਦੇ 8-9 ਕਰੋੜ ਦੇ ਲਗਭਗ ਬੁਲਾਰੇ ਹਨ ਪਰ ਦੁਨੀਆਂ ਭਰ ਵਿਚ ਫੈਲੇ 15 ਕਰੋੜ ਪੰਜਾਬੀਆਂ ਦੀ ਭਾਸ਼ਾ ਨੂੰ ਗੂਗਲ ਜੈਮਿਨੀ ਨੇ ਸ਼ਾਮਲ ਨਹੀਂ ਕੀਤਾ।

ਓਪਨ ਏਆਈ ਜਾਂ ਜੈਮਿਨੀ-ਪ੍ਰੋ ਵਰਗੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਜਾਂ ਡਿਜ਼ੀਟਲ ਪਲੇਟਫ਼ਾਰਮਾਂ ਉਪਰ ਕਿਸੇ ਭਾਸ਼ਾ ਦਾ ਉਪਲੱਭਧ ਨਾ ਹੋਣ ਦੇ ਨੁਕਸਾਨ ਕੀ ਹਨ?

ਅੱਜ ਦੇ ਡਿਜ਼ੀਟਲ ਯੁੱਗ ਵਿਚ ਕਿਸੇ ਵੀ ਭਾਸ਼ਾ ਦਾ ਡਿਜ਼ੀਟਲ ਮਾਧਿਅਮਾਂ, ਏਆਈ ਪਲੇਟਫ਼ਾਰਮਾਂ ਜਾਂ ਲਾਰਜ ਲੈਂਗੁਏਜ਼ ਮਾਡਲਾਂ (ChatGPT) ਉਪਰ ਉਪਲੱਭਧ ਨਾ ਕਰਾਉਣ ਦਾ ਮਤਲਬ ਹੈ, ਉਸ ਭਾਸ਼ਾ ਵਿਚ ਕੰਮ ਕਰਨ ਵਾਲਿਆਂ ਨੂੰ ਅਪਾਹਿਜ ਬਣਾ ਦੇਣਾ ਅਤੇ ਨਵੀਂ ਪੀੜ੍ਹੀ ਨੂੰ ਉਸ ਨਾਲੋਂ ਤੋੜ ਦੇਣਾ। ਏਆਈ ਪਲੇਟਫ਼ਾਰਮਾਂ ਨੇ ਭਾਸ਼ਾਵਾਂ ਨੂੰ ਅਤੇ ਇਨ੍ਹਾਂ ਦੇ ਵਰਤੋਂਕਾਰਾਂ ਨੂੰ ਕਈ ਗੁਣਾ ਸਮਰੱਥ ਤੇ ਤੇਜ਼ ਤਰਾਰ ਬਣਾ ਦਿੱਤਾ ਹੈ। ਸੋ ਆਪਣੀ ਭਾਸ਼ਾ ਦੀ ਗੈਰ-ਮੌਜੂਦਗੀ ਵਿਚ

ਵਰਤੋਂਕਾਰ ਨਿਸਚਿਤ ਰੂਪ ਵਿਚ ਨੇੜਲੀ ਉਸ ਭਾਸ਼ਾ ਵੱਲ ਚਲਾ ਜਾਵੇਗਾ ਜਿਹੜੀ ਭਾਸ਼ਾ ਏਆਈ ਪਲੇਟਫ਼ਾਰਮਾਂ ਉਪਰ ਉਪਲੱਬਧ ਹੈ। ਪੰਜਾਬੀ ਵਰਤੋਂਕਾਰ ਹਿੰਦੀ ਜਾਂ ਅੰਗਰੇਜ਼ੀ ਭਾਸ਼ਾ ਵੱਲ ਜਾਣਗੇ।

ਸੋ ਇਹ ਪੰਜਾਬੀ ਭਾਸ਼ਾ ਦੀ ਹੋਂਦ ਦਾ ਮਸਲਾ ਬਣ ਗਿਆ ਹੈ। ਕਿਸੇ ਵੀ ਭਾਸ਼ਾ ਦੀ ਤਰੱਕੀ ਲਈ ਉਸਦਾ ਏਆਈ ਪਲੇਟਫ਼ਾਰਮ ਉਪਰ ਹੋਣਾ ਜ਼ਰੂਰੀ ਹੈ। ਦੂਜੀਆਂ ਭਾਸ਼ਾਵਾਂ ਨਾਲ ਆਦਾਨ-ਪ੍ਰਦਾਨ ਵਿਚ ਸ਼ਾਮਲ ਨਾ ਰਹਿਣਾ ਅਤੇ ਡਿਜ਼ੀਟਲ ਸੌਫ਼ਟਵੇਅਰਾਂ ਵਿਚ ਪੰਜਾਬੀ ਦਾ ਨਾ ਹੋਣਾ ਸਾਹਿਤਕ, ਸਭਿਆਚਾਰਕ, ਆਰਥਿਕ, ਵਿਦਿਅਕ, ਪ੍ਰਬੰਧਕੀ ਤੇ ਕਾਨੂੰਨੀ ਪੱਧਰ 'ਤੇ ਪੰਜਾਬੀ ਦੀ ਹੋਂਦ ਲਈ ਖ਼ਤਰੇ ਦੀ ਘੰਟੀ ਹੈ। ਇਹ ਪਿੰਡਾਂ ਜਾਂ ਕੁਝ ਸੀਮਿਤ ਦਾਇਰਿਆਂ ਤਕ ਸੀਮਿਤ ਰਹਿ ਸਕਦੀ ਹੈ। ਵਿਦਵਾਨ ਇਸਨੂੰ ਕੇਵਲ ਪੰਜਾਬੀ ਭਾਸ਼ਾ ਦੀ ਹੋਂਦ ਦਾ ਹੀ ਮਸਲਾ ਨਹੀਂ ਮੰਨ ਰਹੇ, ਸਗੋਂ 'ਪੰਜਾਬੀ ਹੋਂਦ' ਦਾ ਮਸਲਾ ਮੰਨ ਰਹੇ ਹਨ। ਕਿਸੇ ਖਿੱਤੇ ਦੀ ਭਾਸ਼ਾ ਉਸਦੇ ਸਭਿਆਚਾਰ ਤੇ ਸਮੁੱਚੀ ਜੀਵਨ-ਜਾਚ ਦੀ ਵਾਹਕ ਹੁੰਦੀ ਹੈ ਜੋ ਪੀੜ੍ਹੀ ਦਰ ਪੀੜ੍ਹੀ ਉਸਦੀਆਂ ਕਦਰਾਂ-ਕੀਮਤਾਂ ਤੇ ਵਿਰਸੇ ਦਾ ਨਿਰੰਤਰ ਅੱਗੇ ਸੰਚਾਰ ਕਰਦੀ ਹੈ ਅਤੇ ਖਿੱਤੇ ਜਾਂ ਕੌਮ ਦੀ ਗੌਰਵਸ਼ੀਲਤਾ ਨੂੰ ਸਾਂਭਦੀ ਹੈ। ਭਾਸ਼ਾ ਸਬੰਧੀ ਅਜਿਹੇ ਤਰਕ ਸਿਰਜ ਕੇ ਕਈ ਸੂਬੇ ਅਤੇ ਦੇਸ ਹੋਂਦ ਵਿਚ ਆਏ। ਪੰਜਾਬੀ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਿਆ। ਉਪਰੋਕਤ ਸੰਕਟ ਨਾਲ ਪੰਜਾਬੀ ਸਭਿਆਚਾਰ ਤੇ ਪੰਜਾਬੀ ਸੂਬੇ ਦੀ ਹੋਂਦ ਦਾ ਵੀ ਮਸਲਾ ਬਰਾਬਰ ਖੜ੍ਹਾ ਹੋ ਜਾਂਦਾ ਹੈ। ਇਸ ਦੇ ਨਾਲ ਹੀ ਪੰਜਾਬੀ ਭਾਸ਼ਾ ਕਿਉਂਕਿ ਸਿੱਖ ਧਰਮ ਨਾਲ ਅਟੁੱਟ ਰਿਸ਼ਤੇ ਵਿਚ ਬੰਨ੍ਹੀ ਜਾ ਚੁੱਕੀ ਹੈ, ਇਸ ਲਈ ਸਿੱਖ ਧਰਮ ਲਈ ਵੀ ਓਨਾ ਹੀ ਵੱਡਾ ਮਸਲਾ ਬਣ ਜਾਂਦਾ ਹੈ। ਸੋ ਇਹ ਮਸਲਾ ਪੰਜਾਬੀ ਭਾਸ਼ਾ ਦਾ ਹੀ ਨਹੀਂ, ਪੰਜਾਬੀ ਹੋਂਦ ਦਾ ਮਸਲਾ ਹੈ ਜੋ ਬਹੁ-ਪਰਤੀ ਤੇ ਗੰਭੀਰ ਹੈ।

ਇਸ ਲਈ ਕਿਸੇ ਵੀ ਭਾਸ਼ਾ ਨੂੰ ਜੀਵੰਤ ਤੇ ਸਮਰੱਥ ਰੱਖਣ ਲਈ ਉਸ ਸਬੰਧੀ ਗਿਆਨ ਦਾ ਵੱਡਾ ਭੰਡਾਰ ਇੰਟਰਨੈੱਟ 'ਤੇ ਮੁਹੱਈਆ ਹੋਣਾ ਜ਼ਰੂਰੀ ਹੈ। ਹੁਣ ਸੁਆਲ ਇਹ ਹੈ ਕਿ ਜੈਮਿਨੀ-ਪ੍ਰੋ ਵਰਗੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਪਲੇਟਫ਼ਾਰਮਾਂ ਵਿਚੋਂ ਪੰਜਾਬੀ ਭਾਸ਼ਾ ਬਾਹਰ ਰਹਿ ਜਾਣ ਵਿਚ ਕੀ ਕੋਈ ਕਮੀ ਸਾਡੇ ਵਿਚ ਹੈ? ਜਾਂ ਕਿਸੇ ਖੇਤਰੀ ਭਾਸ਼ਾ ਵਿਸ਼ੇਸ਼ ਨਾਲ ਵਿਤਕਰਾ ਕੀਤਾ ਗਿਆ ਹੈ? ਆਪਣੇ ਆਪ ਨੂੰ ਇਹ ਵੀ ਸੁਆਲ ਹੈ ਕਿ ਅਸੀਂ ਇਸ ਮਾਮਲੇ ਵਿਚ ਹੁਣ ਤਕ ਕੀ ਕੀਤਾ ਹੈ। ਸਰਕਾਰੀ ਤੇ ਗੈਰ-ਸਰਕਾਰੀ ਸੰਸਥਾਵਾਂ ਜਿਨ੍ਹਾਂ ਦੇ ਸਿਰ ਭਾਸ਼ਾ ਨੂੰ ਤਕਨੀਕੀ ਤੌਰ 'ਤੇ ਪਨਪਾਉਣ ਦੀ ਜ਼ਿੰਮੇਵਾਰੀ ਹੈ, ਉਨ੍ਹਾਂ ਇਸਦੀ ਤਰੱਕੀ ਵਿਚ ਕੀ ਕੀ ਯੋਗਦਾਨ ਪਾਇਆ ਹੈ? ਦੂਜੀਆਂ ਖੇਤਰੀ ਭਾਸ਼ਾਵਾਂ ਦੇ ਮੁਕਾਬਲੇ ਸਾਡੇ ਕੋਲ ਕੀ ਨਹੀਂ, ਜਿਸ ਕਰਕੇ ਉਹ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਪਲੇਟਫ਼ਾਰਮ ਉਪਰ ਚੜ੍ਹ ਗਈਆਂ ਤੇ ਸਾਡੀ ਭਾਸ਼ਾ ਰਹਿ ਗਈ।

ਇਸ ਵਿਸ਼ੇ ਦੇ ਮਾਹਰ ਇਹ ਗੱਲ ਸਪੱਸ਼ਟ ਤੌਰ 'ਤੇ ਜਾਣਦੇ ਹਨ ਕਿ ਓਪਨ ਏਆਈ ਜਾਂ ਗੂਗਲ ਜੈਮਿਨੀ ਨੇ ਪੰਜਾਬੀ ਭਾਸ਼ਾ ਨੂੰ ਜਾਣ-ਬੁੱਝ ਕੇ ਆਪਣੇ ਪਲੇਟਫ਼ਾਰਮਾਂ ਵਿਚੋਂ ਬਾਹਰ ਨਹੀਂ ਰੱਖਿਆ ਸਗੋਂ ਇਸਦਾ ਕਾਰਨ ਇੰਟਰਨੈਟ ਉਪਰ ਬਿੱਗ ਡਾਟੇ ਜਾਂ ਡਿਜ਼ੀਟਲ ਗਿਆਨ-ਸਰੋਤਾਂ ਦੀ ਘਾਟ ਅਤੇ ਅਵਿਕਸਤ ਪੰਜਾਬੀ ਭਾਸ਼ਾ ਤਕਨਾਲੌਜੀ ਹੈ। ਪੰਜਾਬੀ ਵਿਚ ਇੰਟਰਨੈੱਟ 'ਤੇ ਸਾਹਿਤਕ, ਸਭਿਆਚਾਰਕ, ਆਰਥਿਕ, ਵਿਉਪਾਰਕ, ਵਿਦਿਅਕ, ਪ੍ਰਬੰਧਕੀ, ਕਾਨੂੰਨੀ, ਡਾਕਟਰੀ ਤੇ ਤਕਨੀਕੀ ਆਦਿ ਬਹੁਤ ਸਾਰਾ ਲੋੜੀਂਦਾ ਡਾਟਾ ਉਪਲੱਬਧ ਨਹੀਂ ਹੈ, ਸਗੋਂ ਇਹ ਬਹੁਤ ਨਿਗੂਣਾ ਹੈ। ਜੇਕਰ ਪੰਜਾਬੀ ਭਾਸ਼ਾ ਨਾਲ ਵਿਤਕਰਾ ਸਮਝਿਆ ਜਾ ਰਿਹਾ ਹੈ, ਤਾਂ ਗੂਗਲ ਜੈਮਿਨੀ ਅਜਿਹਾ ਕਿਉਂ ਕਰੇਗਾ ਕਿ ਆਪਣੇ 15 ਕਰੋੜ ਗਾਹਕਾਂ ਨੂੰ ਡਿਜ਼ੀਟਲ ਪਲੇਟਫ਼ਾਰਮ ਨਾਲੋਂ ਤੋੜ ਦੇਵੇਗਾ! ਓਪਨ ਏਆਈ ਵਰਗੀਆਂ ਕੰਪਨੀਆਂ ਮੁਫ਼ਤ ਸੇਵਾ ਤੋਂ ਸ਼ੁਰੂਆਤ ਕਰਕੇ ਕਮਰਸ਼ੀਅਲ ਕੰਪਨੀਆਂ ਵਿਚ ਤਬਦੀਲ ਹੋ ਗਈਆਂ ਹਨ। ਇਹ ਕੋਈ ਮੁਫ਼ਤ ਸੇਵਾਵਾਂ ਨਹੀਂ ਦੇ ਰਹੀਆਂ। ਇਹ ਵੱਡੇ ਖ਼ਰਚ ਕਰਕੇ ਹਰ ਭਾਸ਼ਾ ਦਾ ਡਾਟਾ ਖ਼ਰੀਦਦੀਆਂ ਹਨ ਪਰ ਉਥੋਂ ਜਿਥੇ ਮਿਆਰੀ ਡਾਟਾ ਪੈਦਾ ਹੋ ਰਿਹਾ ਹੋਵੇ ਜਾਂ ਉਪਲੱਬਧ ਹੋਵੇ। ਇਸ ਪੱਖ ਤੋਂ ਅਸੀਂ ਡਾਟੇ ਦੀ ਜੰਗ ਵਿਚ ਫ਼ਿਲਹਾਲ ਬਾਜ਼ੀ ਹਾਰ ਰਹੇ ਹਾਂ।

ਸਾਨੂੰ ਪੰਜਾਬੀ ਭਾਸ਼ਾ ਦੇ ਡਾਟੇ ਦੇ ਮਸਲੇ ਨੂੰ ਉਪ-ਭਾਵੁਕਤਾ ਤੋਂ ਪਾਰ ਜਾ ਕੇ ਸਾਹਿਤਕ, ਸਭਿਆਚਾਰਕ, ਆਰਥਿਕ, ਵਿਉਪਾਰਕ, ਵਿਦਿਅਕ, ਪ੍ਰਬੰਧਕੀ, ਕਾਨੂੰਨੀ, ਡਾਕਟਰੀ ਤੇ ਤਕਨੀਕੀ ਆਦਿ ਹਰ ਪੱਧਰ 'ਤੇ ਬਹੁਤ ਸਾਰਾ ਡਾਟਾ ਉਪਲੱਬਧ ਕਰਾਉਣਾ ਪਵੇਗਾ। ਇਹ ਕੰਮ ਪੰਜਾਬ ਸਰਕਾਰ, ਭਾਸ਼ਾ ਨੂੰ ਡੀਲ ਕਰਦੇ ਸਮੂਹ ਅਦਾਰੇ, ਭਾਸ਼ਾ ਵਿਭਾਗ ਪੰਜਾਬ, ਪੰਜਾਬੀ ਭਾਸ਼ਾ ਨੂੰ ਪ੍ਰਮੋਟ ਕਰਨ ਲਈ ਬਣੀਆਂ ਯੂਨੀਵਰਸਿਟੀਆਂ (ਪੰਜਾਬੀ ਤੇ ਗੁਰੂ

ਨਾਨਕ ਦੇਵ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਦਮੀਆਂ ਅਤੇ ਹੋਰ ਸਿੱਖ ਤੇ ਗੈਰ-ਸਰਕਾਰੀ ਸੰਸਥਾਵਾਂ ਨੂੰ ਬਹੁਤ ਪਹਿਲਾਂ ਕਰ ਲੈਣਾ ਚਾਹੀਦਾ ਸੀ। ਹੁਣ ਵੇਲਾ ਆ ਗਿਆ ਹੈ ਕਿ ਬਿਨ੍ਹਾਂ ਕਿਸੇ ਦੇਰੀ ਦੇ ਇਸ ਸਬੰਧੀ ਠੋਸ ਰਣਨੀਤੀ ਜਾਂ ਕੋਈ ਰੋਡ-ਮੈਪ ਵੀਯਨ ਡਾਕੂਮੈਂਟ ਤਿਆਰ ਕਰਕੇ ਇੰਟਰਨੈਟ 'ਤੇ ਡਾਟਾ ਉਪਲੱਭਧ ਕਰਾਇਆ ਜਾਵੇ। ਸਾਰੀ ਸਾਇੰਸ, ਇੰਜੀਨੀਅਰਿੰਗ-ਤਕਨਾਲੌਜੀ ਤੇ ਕਾਨੂੰਨ ਆਦਿ ਦੀ ਪੜ੍ਹਾਈ/ਸਿਲੇਬਸ ਪੰਜਾਬੀ ਵਿਚ ਕਰਵਾਏ ਜਾਣ ਅਤੇ ਪੰਜਾਬੀ ਭਾਸ਼ਾ ਤਕਨਾਲੌਜੀ ਦੇ ਵਿਕਾਸ ਦਾ ਕੰਮ ਕਰਨਾ ਜਲਦੀ ਸ਼ੁਰੂ ਕਰ ਦਿਤਾ ਜਾਵੇ। ਇਸ ਨਾਲ ਪਿੰਡਾਂ ਦੇ ਉਹ ਲੱਖਾਂ ਨੌਜਵਾਨ ਵੀ ਡਾਕਟਰੀ ਤੇ ਇੰਜੀਨੀਅਰਿੰਗ ਦੇ ਖੇਤਰ ਵਿਚ ਸ਼ਾਮਲ ਹੋ ਸਕਣਗੇ ਜੋ ਵਿਦੇਸ਼ੀ ਭਾਸ਼ਾ ਦੇ ਬੈਰੀਅਰ ਕਰਕੇ ਮੁਕਾਬਲੇ ਵਿਚੋਂ ਬਾਹਰ ਰਹਿ ਜਾਂਦੇ ਹਨ। ਰੁਜ਼ਗਾਰ ਦੇ ਨਾਲ-ਨਾਲ ਦੇਸ਼/ ਰਾਜ ਦੇ ਵਿਕਾਸ ਵਿਚ ਵੀ ਉਨ੍ਹਾਂ ਦੀ ਸ਼ਮੂਲੀਅਤ ਹੋਵੇਗੀ।

ਪਿਛਲੇ ਦਿਨੀਂ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਪਲੇਟਫ਼ਾਰਮ ਜੈਮਿਨੀ-ਪ੍ਰੋ ਦੁਆਰਾ ਆਪਣੇ ਸੌਫ਼ਟਵੇਅਰ ਵਿਚੋਂ ਪੰਜਾਬੀ ਭਾਸ਼ਾ ਬਾਹਰ ਰੱਖੇ ਜਾਣ ਦੇ ਮਸਲੇ 'ਤੇ ਪੰਜਾਬੀ ਬੁੱਧੀਜੀਵੀ ਸਰਗਰਮ ਹੋਏ ਹਨ। ਉਨ੍ਹਾਂ ਦੁਆਰਾ ਸੰਵਾਦ ਰਚਾ ਕੇ ਇਸ ਸਬੰਧੀ ਇਕ 'ਮਸ਼ੀਨੀ ਬੁੱਧੀਮਾਨਤਾ ਪੰਜਾਬੀ ਭਾਸ਼ਾ ਮਿਸ਼ਨ' ਦਾ ਗਠਨ ਕੀਤਾ ਹੈ ਜਿਸ ਦਾ ਭਰਪੂਰ ਸੁਆਗਤ ਕਰਨਾ ਬਣਦਾ ਹੈ। ਆਸ ਹੈ ਕਿ ਇਹ ਮਿਸ਼ਨ ਪੰਜਾਬ ਸਰਕਾਰ, ਭਾਸ਼ਾ ਨੂੰ ਡੀਲ ਕਰਦੇ ਸਮੂਹ ਅਦਾਰੇ, ਭਾਸ਼ਾ ਵਿਭਾਗ ਪੰਜਾਬ, ਪੰਜਾਬੀ ਭਾਸ਼ਾ ਨੂੰ ਪ੍ਰਮੋਟ ਕਰਨ ਲਈ ਬਣੀਆਂ ਯੂਨੀਵਰਸਿਟੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਦਮੀਆਂ ਅਤੇ ਹੋਰ ਸਿੱਖ ਤੇ ਗੈਰ-ਸਰਕਾਰੀ ਸੰਸਥਾਵਾਂ ਵਿਚ ਇਕ ਸੰਵਾਦ ਪੈਦਾ ਕਰਕੇ ਪੰਜਾਬੀ ਭਾਸ਼ਾ, ਸਭਿਆਚਾਰ ਤੇ ਪੰਜਾਬੀ ਬੰਦੇ ਨੂੰ ਸੰਭਾਵਿਤ ਖ਼ਤਰਿਆਂ, ਸ਼ੰਕਿਆਂ ਤੇ ਫ਼ਿਕਰਾਂ ਤੋਂ ਮੁਕਤ ਕਰੇਗਾ। ਇਸ ਹੰਭਲੇ ਨਾਲ ਪੰਜਾਬੀ ਦੇ ਨਾਲ-ਨਾਲ ਕਿਸੇ ਵੀ ਖ਼ੇਤਰੀ ਭਾਸ਼ਾ ਦੇ ਵਿਕਾਸ ਅਤੇ ਭਾਸ਼ਾ ਤਕਨਾਲੋਜੀ ਦੀ ਉੱਨਤੀ ਵਿਚ ਵਿਘਨ ਨਹੀਂ ਪਵੇਗਾ ਅਤੇ ਚੌਤਰਫ਼ਾ ਬਹੁ-ਭਾਸ਼ਾਈ ਤਰੱਕੀ ਵਿਚ ਪੰਜਾਬੀ ਭਾਸ਼ਾ ਦਾ ਮਹੱਤਵ ਵਧੇਗਾ। ਬਹੁ-ਭਾਸ਼ਾਈ ਅਮੀਰੀ ਵੰਨ-ਸੁਵੰਨੇ ਸਭਿਆਚਾਰਾਂ ਨੂੰ ਪਨਪਣ, ਵਗਸਣ ਤੇ ਮੌਲਣ ਦਾ ਮੌਕਾ ਦਿੰਦੀ ਹੈ। ਸੰਸਾਰ ਦਾ ਆਜ਼ਾਦੀ ਨਾਲ ਵਿਗਸਣਾ ਮੌਲਣਾ ਵੀ ਇਸੇ ਦ੍ਰਿਸ਼ਟੀ ਵਿਚ ਪਿਆ ਹੈ। ਨਿਰਸੰਦੇਹ ਚੇਤੰਨ ਪੰਜਾਬੀ ਪ੍ਰੇਮੀਆਂ ਸਦਕੇ ਪੰਜਾਬੀ ਭਾਸ਼ਾ ਸਮਕਾਲੀ ਚੁਣੌਤੀਆਂ ਨੂੰ ਸਰ ਕਰ ਲਵੇਗੀ। **ਸੰਵਾਦ** ਸਭ ਭਾਸ਼ਾਵਾਂ ਤੇ ਸਭਿਆਚਾਰਾਂ ਦੀ ਹੋਂਦ ਦੀ ਸਲਾਮਤੀ ਪ੍ਰਤੀ ਆਸਵੰਦ ਹੈ।

ਇਸ 19ਵੇਂ ਅੰਕ ਨਾਲ **ਸੰਵਾਦ** ਮਾਣਮੱਤੇ 10ਵੇਂ ਸਾਲ ਵਿਚ ਪ੍ਰਵੇਸ਼ ਕਰ ਗਿਆ ਹੈ। ਮੁਆਸ਼ਰੇ ਵਿਚ ਵਿਪਰੀਤ ਸਥਿਤੀਆਂ ਦੇ ਬਾਵਜੂਦ **ਸੰਵਾਦ** ਨੇ ਦਹਾਕਾ ਲੰਮੀ ਨਿਰੰਤਰਤਾ, ਮਿਆਰ ਅਤੇ ਅਕਾਦਮਿਕ ਸੁਹਿਰਦਤਾ ਨੂੰ ਕਾਇਮ ਰੱਖਿਆ ਹੈ। ਪ੍ਰਥਮ ਰਹਿ ਕੇ ਸਮਕਾਲੀ ਮੁੱਦਿਆਂ ਨੂੰ ਮੁਖ਼ਾਤਿਬ ਹੋਣਾ ਇਸਦਾ ਮੁੱਖ ਏਜੰਡਾ ਰਿਹਾ ਹੈ।

ਭਰਪੂਰ ਹੁੰਗਾਰੇ ਦੀ ਆਸ ਵਿਚ ਸਮਕਾਲੀ ਮੁੱਦਿਆਂ ਨੂੰ ਸੰਬੋਧਿਤ ਇਹ ਅੰਕ ਆਪ ਜੀ ਦੇ ਸਨਮੁਖ ਹੈ।

-ਡਾ. ਮਹਿਲ ਸਿੰਘ

-ਡਾ. ਆਤਮ ਸਿੰਘ ਰੰਧਾਵਾ